# ਭਾਰਤ-ਨਾਰਵੇ ਦੇ ਵਿਚਕਾਰ 11ਵੇਂ ਵਿਦੇਸ਼ ਦਫ਼ਤਰ ਸਲਾਹ ਮਸ਼ਵਰੇ (FOC)

ਮਈ 14, 2024

ਭਾਰਤ-ਨਾਰਵੇ ਦਰਮਿਆਨ 11ਵੇਂ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (FOC), 14 ਮਈ, 2024 ਨੂੰ, ਨਵੀਂ ਦਿੱਲੀ ਵਿੱਚ ਆਯੋਜਿਤ ਕੀਤੇ ਗਏ। ਭਾਰਤੀ ਵਫ਼ਦ ਦੀ ਅਗਵਾਈ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮੀ) ਸ਼੍ਰੀ ਪਵਨ ਕਪੂਰ ਦੁਆਰਾ ਕੀਤੀ ਗਈ। ਨਾਰਵੇ ਦੇ ਵਫ਼ਦ ਦੀ ਅਗਵਾਈ ਨਾਰਵੇ ਦੀ ਸਲਤਨਤ ਦੇ ਵਿਦੇਸ਼ ਮੰਤਰਾਲੇ ਦੇ ਸਕੱਤਰ ਜਨਰਲ, ਸ਼੍ਰੀ ਟੋਰਗੀਰ ਲਾਰਸਨ ਨੇ ਕੀਤੀ। ਆਖਰੀ ਵਾਰ FOC ਨਵੰਬਰ 2022 ਵਿੱਚ ਓਸਲੋ ਵਿੱਚ ਹੋਇਆ ਸੀ।

2. ਭਾਰਤ ਅਤੇ ਨਾਰਵੇ ਦੇ ਦਰਮਿਆਨ ਸਬੰਧ ਸ਼ਾਨਦਾਰ ਰਾਜਨੀਤਕ ਅਦਾਨ-ਪ੍ਰਦਾਨ ਅਤੇ ਵਿਆਪਕ ਦੁਵੱਲੇ ਸੰਸਥਾਗਤ ਤੰਤਰ ਦੁਆਰਾ ਚਿੰਨ੍ਹਿਤ ਹਨ। ਸਮੁੰਦਰੀ ਅਤੇ ਸਮੁੰਦਰੀ ਖੇਤਰਾਂ ਸਮੇਤ ਟਿਕਾਊ ਵਿਕਾਸ ਦੇ ਵਾਸਤੇ ਨੀਲੀ ਅਰਥਵਿਵਸਥਾ ਵਿੱਚ ਸਹਿਯੋਗ, ਦੋਵੇਂ ਮੁਲਕਾਂ ਦੇ ਦਰਮਿਆਨ ਦੁਵੱਲੇ ਸਬੰਧਾਂ ਦੀ ਨੀਂਹ ਹੈ।

3. ਵੱਖੋ-ਵੱਖਰੇ ਖੇਤਰਾਂ ਵਿੱਚ ਮਜ਼ਬੂਤ ਸਹਿਯੋਗ ਨੂੰ ਸਵੀਕਾਰ ਕਰਦੇ ਹੋਏ, ਦੋਵਾਂ ਧਿਰਾਂ ਨੇ ਨੀਲੀ ਅਰਥਵਿਵਸਥਾ, ਅਖੁੱਟ ਊਰਜਾ, ਜਲਵਾਯੂ ਅਤੇ ਵਾਤਾਵਰਣ, CCUS, ਗ੍ਰੀਨ ਹਾਈਡ੍ਰੋਜਨ, ਸੋਲਰ ਅਤੇ ਵਿੰਡ ਪ੍ਰੋਜੈਕਟਾਂ, ਗ੍ਰੀਨ ਸ਼ਿਪਿੰਗ, ਮੱਛੀ ਪਾਲਣ, ਜਲ-ਪ੍ਰਬੰਧਨ, ਅੰਤਰਿਕਸ਼ ਸਹਿਯੋਗ, ਆਰਕਟਿਕ ਵਿੱਚ ਸਹਿਯੋਗ, ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਵਿੱਚ ਵਾਧਾ ਕਰਨ ਅਤੇ ਵਿਭਿੰਨਤਾ ਦੇਣ ਦੇ ਤਰੀਕਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਇਸ ਸਾਲ ਮਾਰਚ 2024 ਵਿੱਚ ਭਾਰਤ-EFTA TEPA 'ਤੇ ਹਸਤਾਖਰ ਕਰਨ ਦੀ ਵੀ ਸ਼ਲਾਘਾ ਕੀਤੀ ਅਤੇ ਉਮੀਦ ਕੀਤੀ ਕਿ ਸਮਝੌਤੇ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇਗਾ, ਜਿਸ ਨਾਲ ਦੁਵੱਲੇ ਵਪਾਰ ਅਤੇ ਨਿਵੇਸ਼ ਵਿੱਚ ਹੋਰ ਤੱਰਕੀ ਹੋਵੇਗੀ।

4. ਦੋਵੇਂ ਪੱਖਾਂ ਨੇ ਅਗਲੇ ਭਾਰਤ-ਨਾਰਡਿਕ ਸਿਖਰ ਸੰਮੇਲਨ ਬਾਰੇ ਵੀ ਮੁੱਢਲੀ ਗੱਲ-ਬਾਤ ਕੀਤੀ। ਇਸ ਸਿਖਰ ਸੰਮੇਲਨ ਦੇ ਇਸ ਸਾਲ ਦੇ ਅੰਤ ਵਿੱਚ ਓਸਲੋ ਵਿੱਚ ਹੋਣ ਦੇ ਆਸਾਰ ਹਨ।

5. ਉਨ੍ਹਾਂ ਨੇ ਸੰਯੁਕਤ ਰਾਸ਼ਟਰ ਵਿੱਚ ਸੁਧਾਰ ਹੋਣ ਦੇ ਮੁੱਦੇ 'ਤੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ, ਖ਼ਾਸਕਰ ਭਵਿੱਖ ਦੇ ਸਿਖਰ ਸੰਮੇਲਨ ਦੇ ਸੰਦਰਭ ਵਿੱਚ। ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵ-ਪੱਧਰੀ ਮੁੱਦਿਆਂ 'ਤੇ ਵਿਚਾਰਾਂ ਦਾ ਚੰਗਾ ਅਦਾਨ-ਪ੍ਰਦਾਨ ਕੀਤਾ ਗਿਆ।

6. ਦੋਵੇਂ ਧਿਰਾਂ ਨੇ ਆਪਸੀ ਸੁਵਿਧਾਜਨਕ ਤਾਰੀਖ 'ਤੇ ਓਸਲੋ ਵਿੱਚ ਅਗਲੇ ਦੌਰ ਦੇ ਸਲਾਹ-ਮਸ਼ਵਰੇ ਕਰਨ ਲਈ ਸਹਿਮਤੀ ਪ੍ਰਗਟ ਕੀਤੀ।

**ਨਵੀਂ ਦਿੱਲੀ**

**ਮਈ 14, 2024**